# ਦਫਤਰ ਜ਼ਿਲ੍ਹਾ ਸਿੱਖਿਆ ਅਫਸਰ(ਸੈ:ਸਿ) ਬਠਿੰਡਾ।

ਵੱਲ

ਸਮੂਹ ਸਕੂਲ ਮੁੱਖੀ,
ਸਹਸ/ਸਸਸਸ,
ਬਠਿੰਡਾ।

ਪੱਤਰ ਨੰ: ਜੀ-5/1()/2024/1401 ਮਿਤੀ:ਬਠਿੰਡਾ 11-09-2024

ਵਿਸ਼ਾ- ਵਿਦਿਅਕ ਸੈਸ਼ਨ 2024-25 ਦੌਰਾਨ ਵੱਖ-ਵੱਖ ਵਜੀਫਾ ਸਕੀਮਾਂ ਅਧੀਨ ਈ-ਪੰਜਾਬ ਪੋਰਟਲ ਖੋਲਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ ਜੀ ਦੇ ਮੀਮੋ ਨੰ: 69266/2024/232795 ਮਿਤੀ: 11-09-2024 ਅਨੁਸਾਰ ਈ-ਪੰਜਾਬ ਪੋਰਟਲ ਸਾਲ 2024-25 ਲਈ ਵੱਖ-ਵੱਖ ਵਜੀਫਾ ਸਕੀਮਾਂ ਲਈ ਖੋਲ ਦਿੱਤਾ ਗਿਆ ਹੈ।ਜਿਸ ਦਾ ਸ਼ਡਿਊਲ ਨਾਲ ਨੱਥੀ ਕਰਨ ਉਪਰੰਤ ਆਪ ਨੂੰ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਈ-ਪੰਜਾਬ ਤੇ ਪ੍ਰੀ ਮੈਟ੍ਰਿਕ ਓ.ਬੀ.ਸੀ, ਡਾ.ਹਰਗੋਬਿੰਦ ਖੁਰਾਣਾ ਸਕੀਮ, Encouragement to SC Girls (+1 and +2) ਅਤੇ ਜ਼ਿਲ੍ਹੇ ਵੱਲੋਂ ਅਪਲਾਈ ਹੋਣ ਵਾਲੀਆਂ ਸਕੀਮਾਂ 55 ਅਵਾਰਡ ਟੂ ਐਸ.ਸੀ ਸਪੋਰਟਸ ਅਤੇ ਜਨਰਲ ਸਕਾਲਰਸ਼ਿਪ ਸਕੀਮ ਅਪਲਾਈ ਕਰਵਾਈਆਂ ਜਾਂਦੀਆਂ ਹਨ।ਸੋ ਸਾਰੇ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਨਾਲ ਨੱਥੀ ਸ਼ਡਿਊਲ ਅਨੁਸਾਰ ਸਕੀਮ ਦੀਆਂ ਗਾਈਡਲਾਇਨਜ਼ ਨੂੰ ਚੰਗੀ ਤਰ੍ਹਾ ਪੜ੍ਹ ਕੇ ਯੋਗ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਅਪਲਾਈ ਕਰਵਾਉਣਾ ਯਕੀਨੀ ਬਣਾਇਆ ਜਾਵੇ।
2. ਬੈਂਕ ਅਕਾਊਂਟ ਅਧਾਰ ਸੀਡਿਡ ਹੋਣਾ ਜ਼ਰੂਰੀ ਹੈ। ਆਧਾਰ ਨੰਬਰ ਦਰੁਸਤ ਕਰਨਾ ਯਕੀਨੀ ਬਣਾਇਆ ਜਾਵੇ।ਬੈਂਕ ਖਾਤੇ ਐਕਟਿਵ ਹੋਣੇ ਯਕੀਨੀ ਬਣਾਏ ਜਾਣ।ਮੋਬਇਲ ਨੰਬਰ, ਆਧਾਰ ਨੰਬਰ ਅਤੇ ਬੈਂਕ ਅਕਾਊਂਟ ਵਿੱਚ ਡੁਪਲੀਸਿਟੀ ਨਹੀਂ ਹੋਣੀ ਚਾਹੀਦੀ।5 ਅਤੇ 15 ਸਾਲ ਦੀ ਉਮਰ ਤੋਂ ਆਧਾਰ ਅਪਡੇਟ ਕਰਵਾਏ ਜਾਣ।
3. ਉਕਤ ਵਜੀਫਾ ਸਕੀਮ ਅਧੀਨ ਵਿਦਿਆਰਥੀਆਂ ਤੋਂ ਅਪਲਾਈ ਕਰਵਾਉਣ ਉਪਰੰਤ ਸਕੂਲ ਪੱਧਰ (ਇਨਸਟੀਚਿਊਟ ਨੋਡਲ ਅਫਸਰ) ਦੁਆਰਾ ਡਾਟਾ ਚੰਗੀ ਤਰ੍ਹਾਂ ਵੈਰੀਫਾਈ ਕਰਨ ਉਪਰੰਤ ਹੀ ਜ਼ਿਲ੍ਹਾ ਦਫਤਰ ਨੂੰ ਭੇਜਿਆ ਜਾਣਾ ਯਕੀਨੀ ਬਣਾਇਆ ਜਾਵੇ।
4. ਪੋਰਟਲ ਦੀ ਮਿਤੀ ਵਿੱਚ ਵਾਧਾ ਨਹੀਂ ਕੀਤਾ ਜਾਵੇਗਾ, ਇਸ ਲਈ ਮਿੱਥੇ ਸਮੇਂ ਦੇ ਅੰਦਰ-ਅੰਦਰ ਜੇਕਰ ਕਿਸੇ ਸਕੂਲ ਵੱਲੋਂ ਵਿਦਿਆਰਥੀਆਂ ਨੂੰ ਸਮੇਂ ਸਿਰ ਅਪਲਾਈ ਨਹੀਂ ਕਰਵਾਇਆ ਗਿਆ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ।ਇਸ ਦੇ ਨਾਲ ਇਹ ਵੀ ਲਿਖਿਆ ਜਾਂਦਾ ਹੈ ਕਿ ਮਿਥੀ ਮਿਤੀ ਤੋਂ ਬਾਅਦ ਕੋਈ ਵੀ ਮੈਨੂਅਲ ਕੇਸ ਪ੍ਰਾਪਤ ਨਹੀਂ ਕੀਤਾ ਜਾਵੇਗਾ।

11/09/24

ਜ਼ਿਲ੍ਹਾ ਸਿੱਖਿਆ ਅਫਸਰ(ਸ)
ਬਠਿੰਡਾ
11/9/24

Scanned with OKEN Scanner

ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਪੰਜਵੀਂ ਮੰਜਿਲ, ਈ-ਬਲਾਕ, ਫੇਜ਼-8, ਐਸ.ਏ.ਐਸ.ਨਗਰ।

(ਵਜੀਫਾ ਸ਼ਾਖਾ)

2024116

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ)

ਸਮੂਹ ਸਕੂਲ ਮੁੱਖੀ/ਪ੍ਰਿੰਸੀਪਲ, ਪੰਜਾਬ।

ਮੀਮੋ ਨੰ. 69266/2024/232795

ਮਿਤੀ 11.09.2024

ਵਿਸ਼ਾ ਵਿਦਿਅਕ ਸੈਸ਼ਨ 2024-25 ਦੌਰਾਨ ਵੱਖ-ਵੱਖ ਵਜੀਫਾ ਸਕੀਮਾਂ ਅਧੀਨ ਈ-ਪੰਜਾਬ ਪੋਰਟਲ ਖੋਲਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਵਿਦਿਅਕ ਸੈਸ਼ਨ ਸਾਲ 2024-25 ਦੌਰਾਨ ਈ-ਪੰਜਾਬ ਪੋਰਟਲ ਤੇ ਅਪਲਾਈ ਕਰਨ ਹਿੱਤ ਹੇਠਾਂ ਦਰਸਾਏ ਅਨੁਸਾਰ ਸ਼ਡਿਊਲ ਦਰਸਾਇਆ ਗਿਆ ਹੈ-

| Sr No. | Scholarship scheme |
|---|---|
| 1 | Pre Matric scholarship for OBC/EBC and DNT students scheme (IX and X) |
| 2 | Dr. Hargovind Khuranan scholarship for brilliant students scheme |
| 3 | Sainik Scholarship Scheme |
| 4 | Encouragement award to SC girl student for pursuing 10+2 Education (+1 and +2 classes) |
| 5 | Attendance scholarship to SC Primary Girl Students scheme.(1st to 5th) |
| 6 | Attendance scholarship to BC/EWS Primary Girl Students scheme. (1st to 5th) |

ਸ਼ਡਿਊਲ

| | | |
|---|---|---|
| 1 | **Opening of Portal** | **11 Sep 2024** |
| 2 | The last date of submission of online applications | 01 Oct 2024 |
| 3 | The last date for the Schools to approve and forward online data to Districts | 15 Oct 2024 |
| 4 | The last for the Schools to correct temporary rejections and forward online data to districts | 18 Oct 2024 |
| 5 | Districts to approve and forward online data to State | Upto 04 Nov 2024 |

2.0 ਹੇਠ ਲਿਖੀਆਂ ਵਜੀਫਾ ਸਕੀਮਾਂ ਅਧੀਨ ਜਿਲ੍ਹਾ ਪੱਧਰ ਤੇ ਪੋਰਟਲ ਖੋਲਿਆ ਜਾਣਾ ਹੈ।

| Sr No. | Scholarship scheme |
|---|---|
| 1. | 55- Award to SC Sports Students scheme (6-12 Classes) |
| 2. | General Scholarship scheme (6th Class and 8th Class) |

ਇਹਨਾਂ ਸਕੀਮਾਂ ਦਾ ਸ਼ਡਿਊਲ ਹੇਠ ਲਿਖੇ ਅਨੁਸਾਰ ਹੈ-

| | | |
|---|---|---|
| 1 | Opening of Portal at district level | 11 september 2024 |
| 2 | Districts to approve and forward online data to State | Upto 04 November 2024 |

2.0 ਉਕਤ ਦਰਸਾਏ ਸ਼ਡਿਊਲ ਅਨੁਸਾਰ ਸਕੀਮ ਦੀਆਂ ਗਾਈਡਲਾਈਨਜ਼ ਅਨੁਸਾਰ ਯੋਗ ਵਿਦਿਆਰਥੀਆਂ ਤੋਂ ਅਪਲਾਈ ਕਰਵਾਉਣਾ ਯਕੀਨੀ ਬਣਾਇਆ ਜਾਵੇ।

Scanned with OKEN Scanner

3.0 ਬੈਂਕ ਅਕਾਊਂਟ ਅਧਾਰ ਸੀਡਿਡ ਹੋਣਾ ਜ਼ਰੂਰੀ ਹੈ। ਅਧਾਰ ਨੰਬਰ ਦਰੁਸਤ ਭਰਨਾ ਯਕੀਨੀ ਬਣਾਇਆ ਜਾਵੇ। ਬੈਂਕ ਖਾਤੇ ਐਕਟਿਵ ਹੋਣੇ ਯਕੀਨੀ ਬਣਾਏ ਜਾਣ। ਮੋਬਾਇਲ ਨੰਬਰ, ਅਧਾਰ ਨੰਬਰ ਅਤੇ ਬੈਂਕ ਅਕਾਊਂਟ ਵਿਚ ਡੁਪਲੀਸਿਟੀ ਨਹੀਂ ਹੋਣੀ ਚਾਹੀਦੀ। 5 ਅਤੇ 15 ਸਾਲ ਦੀ ਉਮਰ ਤੇ ਅਧਾਰ ਅਪਡੇਟ ਕਰਵਾਏ ਜਾਣ।

4.0 ਉਕਤ ਵਜੀਫਾ ਸਕੀਮ ਅਧੀਨ ਵਿਦਿਆਰਥੀਆਂ ਤੋਂ ਅਪਲਾਈ ਕਰਵਾਉਣ ਉਪਰੰਤ ਸਕੂਲ ਪੱਧਰ (ਇਨਸਟੀਚਿਊਟ ਨੋਡਲ ਅਫਸਰ) ਅਤੇ ਜਿਲ੍ਹਾ ਪੱਧਰ (ਸੈਕਸ਼ਨਿੰਗ ਅਥਾਰਟੀ) ਤੇ ਡਾਟਾ ਚੰਗੀ ਤਰ੍ਹਾਂ ਵੈਰੀਫਾਈ ਕਰਨ ਉਪਰੰਤ ਮੁੱਖ ਦਫਤਰ ਨੂੰ ਭੇਜਿਆ ਜਾਵੇ।

5.0 ਪੋਰਟਲ ਦੀ ਮਿਤੀ ਵਿਚ ਵਾਧਾ ਨਹੀਂ ਕੀਤਾ ਜਾਵੇਗਾ, ਇਸ ਲਈ ਮਿੱਥੇ ਸਮੇਂ ਦੇ ਅੰਦਰ-ਅੰਦਰ ਜੇਕਰ ਕਿਸੇ ਸਕੂਲ ਵਲੋਂ ਵਿਦਿਆਰਥੀਆਂ ਨੂੰ ਸਮੇਂ ਸਿਰ ਅਪਲਾਈ ਨਹੀਂ ਕਰਵਾਇਆ ਗਿਆ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ। ਇਸ ਦੇ ਨਾਲ ਇਹ ਵੀ ਲਿਖਿਆ ਜਾਂਦਾ ਹੈ ਕਿ ਮਿਥੀ ਮਿਤੀ ਤੋਂ ਬਾਅਦ ਕੋਈ ਵੀ ਮੈਨੂਅਲ ਕੇਸ ਪ੍ਰਾਪਤ ਨਹੀਂ ਕੀਤਾ ਜਾਵੇਗਾ।

11.09.2024

ਸਹਾਇਕ ਡਾਇਰੈਕਟਰ (ਵਜੀਫਾ)

Scanned with OKEN Scanner